Punjabi

# ਪੁਲੀਸ ਬਾਰੇ ਸ਼ਿਕਾਇਤ ਕਰਨ ਲਈ ਗਾਈਡ

HERTFORDSHIRE
POLICE AUTHORITY

ਅਸੀਂ ਚਾਹੁੰਦੇ ਹਾਂ ਕਿ ਕਾਊਂਟੀ ਵਿੱਚ ਲੋਕ ਸੁਰੱਖਿਅਤ ਰਹਿਣ ਅਤੇ ਸੁਰੱਖਿਅਤ ਮਹਿਸੂਸ ਕਰਨ ਅਤੇ ਪੁਲੀਸ ਤੁਹਾਨੂੰ ਸਭ ਤੋਂ ਵਧੀਆ ਸੰਭਵ ਸੇਵਾ ਦਵੇ।

ਹਰ ਇੱਕ ਵਿਅਕਤੀ ਨੂੰ ਅਧਿਕਾਰ ਹੈ ਕਿ ਪੁਲੀਸ ਦੁਆਰਾ ਉਸ ਨਾਲ ਨਿਰਪੱਖ ਅਤੇ ਇਮਾਨਦਾਰ ਵਿਵਹਾਰ ਕੀਤਾ ਜਾਵੇ। ਕਦੇ-ਕਦੇ, ਪਬਲਿਕ ਦੇ ਨਾਲ ਕਾਂਸਟੇਬੁਲਰੀ ਦੇ ਰੋਜ਼ਾਨਾ ਦੇ ਵਿਵਹਾਰ ਵਿੱਚ ਕੁਝ ਗ਼ਲਤ ਹੋ ਜਾਂਦਾ ਹੈ। ਜਦੋਂ ਅਜਿਹਾ ਹੁੰਦਾ ਹੈ, ਅਸੀਂ ਇਸ ਬਾਰੇ ਸੁਣਨਾ ਚਾਹੁੰਦੇ ਹਾਂ ਅਤੇ ਇਹ ਪਰਚਾ ਤੁਹਾਡੇ ਲਈ ਕੋਈ ਰਸਮੀ ਸ਼ਿਕਾਇਤ ਆਸਾਨ ਬਣਾਉਣ ਲਈ ਤਿਆਰ ਕੀਤਾ ਗਿਆ ਹੈ।

ਅਸੀਂ ਤਾਂ ਵੀ ਤੁਹਾਡੇ ਵਿਚਾਰ ਸੁਣਨਾ ਚਾਹਵਾਂਗੇ ਜੇ ਤੁਸੀਂ ਮੰਨਦੇ ਹੋ ਕਿ ਸਾਡੇ ਕਿਸੇ ਸਟਾਫ਼ ਜਾਂ ਆਫ਼ਿਸਰ ਨੇ ਤੁਹਾਡੀਆਂ ਉਮੀਦਾਂ ਤੋਂ ਵੱਧ ਕੰਮ ਕੀਤਾ ਹੈ ਅਤੇ ਤੁਹਾਡੀ ਪੁੱਛਗਿੱਛ, ਪ੍ਰਸ਼ਨ ਜਾਂ ਅਪਰਾਧ ਵਿੱਚ ਮਦਦ ਕਰਨ ਲਈ ਅੱਗੇ ਵੱਧ ਕੇ ਕੰਮ ਕੀਤਾ ਹੈ।

## ਸ਼ਿਕਾਇਤ ਕਿਵੇਂ ਕਰਨੀ ਹੈ?

ਪੁਲੀਸ ਦੇ ਬਾਰੇ ਸ਼ਿਕਾਇਤਾਂ ਜਾਂ ਤਾਂ ਨੀਤੀ ਅਤੇ ਪ੍ਰਕ੍ਰਿਆਵਾਂ ਬਾਰੇ ਜਾਂ ਕਿਸੇ ਖ਼ਾਸ ਆਫ਼ਿਸਰ ਜਾਂ ਪੁਲੀਸ ਸਟਾਫ਼ ਦੇ ਮੈਂਬਰ ਬਾਰੇ ਹੋਣਗੀਆਂ।

ਇਨ੍ਹਾਂ ਦੋਵਾਂ ਕਿਸਮ ਦੀਆਂ ਸ਼ਿਕਾਇਤਾਂ 'ਤੇ ਵੱਖਰੇ ਤਰੀਕੇ ਨਾਲ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਪਰਚੇ ਵਿੱਚ ਦੱਸਿਆ ਗਿਆ ਹੈ ਕਿ ਹਰਟਫ਼ੋਰਡਸ਼ਾਇਰ ਵਿੱਚ ਪੁਲੀਸ ਦੇ ਵਿਰੁੱਧ ਇਨ੍ਹਾਂ ਵਿੱਚੋਂ ਕਿਸੇ ਵੀ ਕਿਸਮ ਦੀ ਸ਼ਿਕਾਇਤ ਕਿਵੇਂ ਕਰਨੀ ਹੈ।

ਜੇ ਤੁਸੀਂ ਯਕੀਨੀ ਨਹੀਂ ਹੋ ਕਿ ਤੁਸੀਂ ਕਿਸ ਕਿਸਮ ਦੀ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਵਾਧੂ ਜਾਣਕਾਰੀ ਅਥਾਰਿਟੀ ਦੀ ਵੈਬਸਾਈਟ **www.herts-police-authority.org.uk** ਜਾਂ ਟੈਲੀਫ਼ੋਨ ਨੰਬਰ **01992 556600** 'ਤੇ ਮਿਲ ਸਕਦੀ ਹੈ।

### ਕਿਸੇ ਆਫ਼ਿਸਰ ਜਾਂ ਪੁਲੀਸ ਸਟਾਫ਼ ਦੇ ਮੈਂਬਰ ਦੇ ਵਿਰੁੱਧ ਸ਼ਿਕਾਇਤ ਕਰਨੀ

ਜੇ ਤੁਹਾਡੇ, ਤੁਹਾਡੇ ਕਿਸੇ ਦੋਸਤ ਜਾਂ ਰਿਸ਼ਤੇਦਾਰ ਦੇ ਨਾਲ ਪੁਲੀਸ ਦੁਆਰਾ ਬੁਰਾ ਵਿਵਹਾਰ ਕੀਤਾ ਗਿਆ ਹੈ ਜਾਂ ਜੇ ਤੁਸੀਂ ਪੁਲੀਸ ਨੂੰ ਕਿਸੇ ਵਿਅਕਤੀ, ਜਿਸਨੂੰ ਤੁਸੀਂ ਜਾਣਦੇ ਨਹੀਂ ਹੋ, ਦੇ ਨਾਲ ਅਜਿਹਾ ਵਿਵਹਾਰ ਕਰਦੇ ਹੋਏ ਦੇਖਿਆ ਹੈ ਜੋ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ ਤਾਂ ਤੁਹਾਨੂੰ ਇੱਕ ਸ਼ਿਕਾਇਤ ਕਰਨੀ ਚਾਹੀਦੀ ਹੈ।

ਆਪਣੀ ਸ਼ਿਕਾਇਤ ਕਰਨ ਦੇ ਕਈ ਤਰੀਕੇ ਹਨ ਅਤੇ ਤੁਸੀਂ ਅਜਿਹਾ ਤਰੀਕਾ ਚੁਣ ਸਕਦੇ ਹੋ ਜੋ ਤੁਹਾਡੇ ਲਈ ਸਭ ਤੋਂ ਸਹੀ ਹੋਵੇ:

- ਪੁਲੀਸ ਨੂੰ ਸਿੱਧਾ ਸੰਪਰਕ ਕਰੋ (ਕਿਸੇ ਪੁਲੀਸ ਸਟੇਸ਼ਨ ਜਾ ਕੇ ਜਾਂ ਟੈਲੀਫ਼ੋਨ ਕਰਕੇ, ਈ-ਮੇਲ ਜਾਂ ਫ਼ੈਕਸ ਭੇਜ ਕੇ)
- ਹੇਠਾਂ ਲਿਖਿਆਂ ਵਿੱਚੋਂ ਕਿਸੇ ਨੂੰ ਸੰਪਰਕ ਕਰੋ:-
  - ਪੁਲੀਸ ਅਥਾਰਿਟੀ ਦਾ ਕੋਈ ਮੈਂਬਰ
  - ਕੋਈ ਸਾਲੀਸਿਟਰ
  - ਤੁਹਾਡਾ ਸਥਾਨਕ ਐਮਪੀ
  - ਤੁਹਾਡਾ ਸਥਾਨਕ ਕਾਉਂਸਿਲਰ
  - ਕੋਈ "ਗੇਟਵੇਅ" ਸੰਗਠਨ (ਪਿਛਲੇ ਪਾਸੇ ਸੂਚੀ ਦੇਖੋ)

- ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਤੁਹਾਡੇ ਵਲੋਂ ਸ਼ਿਕਾਇਤ ਕਰਨ ਲਈ ਕਹੋ (ਉਨ੍ਹਾਂ ਨੂੰ ਤੁਹਾਡੀ ਲਿਖਤ ਸਹਿਮਤੀ ਦੀ ਲੋੜ ਹੋਵੇਗੀ)
- ਰਾਸ਼ਟਰੀ ਇੰਡੀਪੇਂਡੇਂਟ ਪੁਲੀਸ ਕੰਪਲੇਂਟਸ ਕਮੀਸ਼ਨ (IPCC) ਨਾਲ ਸੰਪਰਕ ਕਰੋ

**ਕਿਸੇ ਨੀਤੀ ਜਾਂ ਪ੍ਰਕ੍ਰਿਆ ਬਾਰੇ ਸ਼ਿਕਾਇਤ ਕਰਨੀ**

ਪੁਲੀਸ ਦੀਆਂ ਸਮੁੱਚੀਆਂ ਨੀਤੀਆਂ ਅਤੇ ਪ੍ਰਕ੍ਰਿਆਵਾਂ ਬਾਰੇ ਸ਼ਿਕਾਇਤਾ ਲਈ, ਤੁਹਾਨੂੰ ਕਾਂਸਟੇਬੁਲਰੀ ਦੇ ਪ੍ਰੋਫੈਸ਼ਨਲ ਸਟੈਂਡਰਡਸ ਡਿਪਾਰਟਮੈਂਟ ਜਾਂ ਹਰਟਫ਼ੋਰਡਸ਼ਾਇਰ ਪੁਲੀਸ ਅਥਾਰਿਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ (ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਸੂਚੀ ਦੇਖੋ)।

## ਉਸ ਤੋਂ ਬਾਅਦ ਕੀ ਹੁੰਦਾ ਹੈ?

ਤੁਸੀਂ ਜਿਸ ਵੀ ਕਿਸਮ ਦੀ ਸ਼ਿਕਾਇਤ ਕਰਦੇ ਹੋ, ਪੁਲੀਸ ਨੂੰ ਹਾਲਾਤਾਂ ਬਾਰੇ ਜਿੰਨਾ ਸੰਭਵ ਹੋ ਸਕੇ ਵੱਧ ਤੋਂ ਵੱਧ ਜਾਣਨ ਦੀ ਲੋੜ ਹੋਵੇਗੀ ਤਾਂ ਜੋ ਉਹ ਇਸ 'ਤੇ ਜਿੰਨਾ ਸੰਭਵ ਹੋ ਸਕੇ ਜਲਦੀ ਅਤੇ ਕੁਸ਼ਲ ਤਰੀਕੇ ਨਾਲ ਕਾਰਵਾਈ ਕਰ ਸਕਣ।

ਉਹ ਤੁਹਾਨੂੰ ਕੋਈ ਫ਼ਾਰਮ ਭਰਨ ਜਾਂ ਇੱਕ ਬਿਆਨ ਦੇਣ ਲਈ ਕਹਿ ਸਕਦੇ ਹਨ, ਅਤੇ ਇਸ ਵਿੱਚ ਕਿਸੇ ਤਰ੍ਹਾਂ ਦੀ ਮਦਦ ਕਰਨ ਲਈ ਕੋਈ ਵਿਅਕਤੀ ਉਪਲਬਧ ਹੋਵੇਗਾ ਜਿਸਦੀ ਕਿ ਸ਼ਾਇਦ ਤੁਹਾਨੂੰ ਲੋੜ ਹੋ ਸਕਦੀ ਹੈ।

ਇਸਨੂੰ ਅਧਿਕਾਰਕ ਰੂਪ ਵਿੱਚ ਦਰਜ ਕੀਤਾ ਜਾਵੇਗਾ ਅਤੇ ਤੁਹਾਨੂੰ ਦੱਸਿਆ ਜਾਵੇਗਾ ਕਿ ਸ਼ਿਕਾਇਤ 'ਤੇ ਕਿਵੇਂ ਕੰਮ ਕੀਤਾ ਜਾਵੇਗਾ, ਇਸ ਦੇ ਨਤੀਜੇ ਵਜੋਂ ਕੀ ਕਾਰਵਾਈ ਕੀਤੀ ਜਾ ਸਕਦੀ ਹੈ ਅਤੇ ਫ਼ੈਸਲਾ ਕਿਵੇਂ ਲਿਆ ਜਾਵੇਗਾ।

ਜ਼ਿਆਦਾਤਰ ਸ਼ਿਕਾਇਤਾਂ 'ਤੇ ਹਰਟਫ਼ੋਰਡਸ਼ਾਇਰ ਕਾਂਸਟੇਬੁਲਰੀ ਦੇ ਦੁਆਰਾ ਕੰਮ ਕੀਤਾ ਜਾਵੇਗਾ, ਪਰ ਵਧੇਰੇ ਗੰਭੀਰ ਸ਼ਿਕਾਇਤਾਂ ਵਿੱਚ IPCC ਦੇ ਸ਼ਾਮਲ ਹੋਣ ਦੀ ਸੰਭਾਵਨਾ ਹੁੰਦੀ ਹੈ। ਕਾਂਸਟੇਬੁਲਰੀ ਤੁਹਾਡੇ ਨਾਲ ਸਹਿਮਤੀ ਬਣਾਏਗੀ ਕਿ ਤੁਸੀਂ ਤਰੱਕੀ ਬਾਰੇ ਜਾਣਕਾਰੀ ਕਿੰਨੀ-ਕਿੰਨੀ ਦੇਰ ਬਾਅਦ - ਅਤੇ ਕਿਸ ਤਰੀਕੇ ਦੁਆਰਾ - ਲੈਣਾ ਪਸੰਦ ਕਰੋਗੇ।

ਪੁਲੀਸ ਅਥਾਰਿਟੀ ਇਸ ਗੱਲ ਦੀ ਨਜ਼ਦੀਕੀ ਨਾਲ ਨਿਗਰਾਨੀ ਕਰਦੀ ਹੈ ਕਿ ਕਾਂਸਟੇਬੁਲਰੀ ਦੁਆਰਾ ਸ਼ਿਕਾਇਤਾਂ 'ਤੇ ਕਿਵੇਂ ਕੰਮ ਕੀਤਾ ਜਾਂਦਾ ਹੈ, ਅਤੇ ਫ਼ਾਈਲਾਂ ਦੀ ਜਾਂਚ ਕਰਦੀ ਹੈ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਪ੍ਰਕ੍ਰਿਆਵਾਂ ਸਹੀ ਤਰੀਕੇ ਨਾਲ ਪੂਰੀਆਂ ਕੀਤੀਆਂ ਜਾਂਦੀਆਂ ਹਨ।

ਹੋਮ ਆਫ਼ਿਸ ਦੇ "ਵਾਚਡੋਗ" ਸੰਗਠਨ - ਹਰ ਮੈਜਿਸਟੀਜ਼ ਇੰਸਪੈਕਟੋਰੇਟ ਆਫ਼ ਕਾਂਸਟੇਬੁਲਰੀ ਦੁਆਰਾ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ - ਹਰਟਫ਼ੋਰਡਸ਼ਾਇਰ ਕਾਂਸਟੇਬੁਲਰੀ ਨੂੰ ਸ਼ਿਕਾਇਤਾਂ ਦੇ ਨਾਲ ਨਜਿੱਠਣ ਵਿੱਚ ਦੇਸ਼ ਦੇ ਸਭ ਤੋਂ ਵਧੀਆ ਸੰਗਠਨਾਂ ਵਿੱਚੋਂ ਇੱਕ ਦਾ ਦਰਜਾ ਦਿੱਤਾ ਗਿਆ ਸੀ।

### ਕਾਂਸਟੇਬੁਲਰੀ ਅਤੇ ਪੁਲੀਸ ਅਥਾਰਿਟੀ ਤੁਹਾਡੀ ਰਾਇ ਦਾ ਸੁਆਗਤ ਕਰਦੀ ਹੈ ਅਤੇ ਇਸ ਜਾਣਕਾਰੀ ਦੀ ਵਰਤੋਂ ਸਾਡੀਆਂ ਸਾਰੀਆਂ ਕਮਿਉਨਿਟੀਆਂ ਨੂੰ ਦਿੱਤੀ ਜਾਣ ਵਾਲੀ ਸੇਵਾ ਵਿੱਚ ਸੁਧਾਰ ਕਰਨ ਲਈ ਕਰਦੀ ਹੈ।

ਉਪਯੋਗੀ ਸੰਪਰਕਾਂ ਦੀ ਸੂਚੀ ਲਈ
ਪਿਛਲਾ ਪੰਨਾ ਦੇਖੋ...

...ਸਾਨੂੰ ਸੰਪਰਕ ਲਈ ਸਮਾਂ ਕੱਢਣ ਵਾਸਤੇ ਤੁਹਾਡਾ ਧੰਨਵਾਦ।

## ਤੁਸੀਂ ਇਨ੍ਹਾਂ ਸੰਪਰਕਾਂ ਦੀ ਵਰਤੋਂ ਕੋਈ ਸ਼ਿਕਾਇਤ ਕਰਨ ਜਾਂ ਸ਼ਿਕਾਇਤ ਪ੍ਰਕ੍ਰਿਆ ਬਾਰੇ ਹੋਰ ਜਾਣਕਾਰੀ ਲੈਣ ਲਈ ਕਰ ਸਕਦੇ ਹੋ

**ਹਰਟਫ਼ੋਰਡਸ਼ਾਇਰ ਕਾਂਸਟੇਬੁਲਰੀ (Hertfordshire Constabulary)**
0845 33 00 222
ਈਮੇਲ: contactus@herts.pnn.police.uk
Professional Standards Department,
Hertfordshire Constabulary HQ, Stanborough Road,
Welwyn Garden City, Hertfordshire AL8 6XF
ਸਾਰੇ ਪੁਲੀਸ ਸਟੇਸ਼ਨਾਂ ਦੀ ਸਥਿਤੀ ਅਤੇ ਪਤੇ ਕਾਂਸਟੇਬੁਲਰੀ ਦੀ ਵੈਬਸਾਈਟ **www.herts.police.uk** 'ਤੇ ਉਪਲਬਧ ਹੈ।

**ਹਰਟਫ਼ੋਰਡਸ਼ਾਇਰ ਪੁਲੀਸ ਅਥਾਰਿਟੀ (Hertfordshire Police Authority)**
01992 556600
ਈਮੇਲ: enquiries.hpa@herts.pnn.police.uk
Leahoe House, Pegs Lane, Hertford SG13 8DE
ਪੁਲੀਸ ਅਥਾਰਿਟੀ ਦੇ ਸਾਰੇ ਮੈਂਬਰਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ ਅਥਾਰਿਟੀ ਦੀ ਵੈਬਸਾਈਟ **www.herts-police-authority.org.uk** 'ਤੇ ਮਿਲ ਸਕਦੀ ਹੈ - ਜਾਂ ਉੱਪਰ ਦਿੱਤੇ ਗਏ ਪੁੱਛਗਿੱਛ ਫ਼ੋਨ ਨੰਬਰ 'ਤੇ ਫ਼ੋਨ ਕਰੋ।

**ਇੰਡੀਪੈਂਡੇਂਟ ਪੁਲੀਸ ਕੰਪਲੇਂਟਸ ਕਮੀਸ਼ਨ (Independent Police Complaints Commission)**
0845 30 02 002
ਈਮੇਲ: enquiries@ipcc.gsi.gov.uk
90 High Holborn, London WC1V 6BH
ਵੈਬਸਾਈਟ ਦਾ ਪਤਾ ਹੈ: **www.ipcc.gov.uk**

**ਮੈਂਬਰਸ ਆਫ਼ ਪਾਰਲੀਆਮੈਂਟ**
ਆਪਣੇ ਸਥਾਨਕ ਐਮਪੀ ਨਾਲ ਸੰਪਰਕ ਕਰਨ ਦੀ ਜਾਣਕਾਰੀ ਪਤਾ ਕਰਨ ਲਈ, ਕਿਰਪਾ ਕਰਕੇ ਇਹ ਵੈਬਸਾਈਟ ਦੇਖੋ - **www.locata.co.uk/commons/** - ਜਾਂ 020 7219 3000 'ਤੇ ਫ਼ੋਨ ਕਰੋ ਅਤੇ ਆਪਣੇ ਮੈਂਬਰ ਦੇ ਆਫ਼ਿਸ ਨਾਲ ਗੱਲ ਕਰਾਉਣ ਲਈ ਕਹੋ।

**ਲੋਕਲ ਕਾਉਂਸਿਲਰ**
ਤੁਸੀਂ ਆਪਣੇ ਕਾਉਂਟੀ, ਡਿਸਟ੍ਰਿਕਟ ਜਾਂ ਬਰੋ ਕਾਉਂਸਿਲਰ ਦਾ ਨਾਮ ਹਰਟਫ਼ੋਰਡਸ਼ਾਇਰ ਕਾਉਂਟੀ ਕਾਉਂਸਿਲ ਦੀ ਵੈਬਸਾਈਟ - **www.hertsdirect.org** - ਤੋਂ ਜਾਂ 01438 737555 'ਤੇ ਫ਼ੋਨ ਕਰਕੇ ਪਤਾ ਕਰ ਸਕਦੇ ਹੋ।

**ਹੇਠਾਂ "ਗੇਟਵੇਅ" ਸੰਗਠਨ ਦਿੱਤੇ ਗਏ ਹਨ ਜੋ, ਤੁਹਾਡੀ ਪ੍ਰਵਾਨਗੀ ਨਾਲ, ਤੁਹਾਡੇ ਵਲੋਂ ਕੰਮ ਕਰ ਸਕਦੇ ਹਨ: -**

**LGBT**
ਗ੍ਰੇਗ ਰੈਟੀ
01279 600762 (ਆਫ਼ਿਸ ਦੇ ਸਮੇਂ)
07775 907297 (ਮੋਬਾਈਲ)

**ਸਾਊਥ ਐਂਡ ਈਸਟ ਹਰਟਜ਼ ਵਿੱਚ ਬਲੈਕ ਐਂਡ ਐਥਨਿਕ ਕਮਿਊਨਿਟੀਜ਼ (Black & Ethnic Communities in South & East Herts)**
ਬੇਂਜੀ ਸੈਮੁਅਲਸ 01992 311099
07789 650 243 (ਕੰਮ ਦੀ ਜਗ੍ਹਾ)
37 Eleanor Cross Road, Waltham Cross EN8 7XL

**ਨੋਰਥ ਹਰਟਸ ਮਾਇਨੋਰਿਟੀ ਐਥਨਿਕ ਫ਼ੋਰਮ (North Herts Minority Ethnic Forum)**
ਐਂਜਲਾ ਸਿਰਾਵੇਲਾ 01462 440224
Unity House, Whinbush Road, Hitchin SG5 1PH
ਫ਼ੈਕਸ: 01462 440242

**ਸਟੀਵਨੇਜ ਵਰਲਡ ਫ਼ੋਰਮ (Stevenage World Forum)**
ਕੇਟ ਬੈਲੀਨਿਸ ਜਾਂ ਐਨ ਡਿਕਸਨ 01438 369600
10-12 Exchange Road, Bedwell Shopping Centre,
Stevenage SG1 1PZ
ਫ਼ੈਕਸ: 01438 347357

**ਵਾਟਫ਼ੋਰਡ ਰੇਸ਼ਿਅਲ ਇਕਵੈਲਿਟੀ ਕਾਉਂਸਿਲ (Watford Racial Equality Council)**
01923 237005
149 The Parade, High Street, Watford WD17 1RH
ਫ਼ੈਕਸ: 01923 240398

**ਵੈਲਵਿਨ ਹੈਟਫ਼ੀਲਡ ਐਥਨਿਕ ਮਾਇਨੋਰਿਟੀ ਗਰੁੱਪ (Welwyn Hatfield Ethnic Minority Group)**
01707 262548
Bill Salmon Centre, 88 Town Centre,
Hatfield AL10 0JW

**ਨਵੇਂ ਗੇਟਵੇਅ ਸੰਗਠਨ ਨਿਯਮਿਤ ਰੂਪ ਵਿੱਚ ਆਉਂਦੇ ਰਹਿੰਦੇ ਹਨ। ਵਧੇਰੇ ਜਾਣਕਾਰੀ ਲਈ ਕਾਂਸਟੇਬੁਲਰੀ ਦੀ ਵੈਬਸਾਈਟ ਦੇਖੋ**

Per la traduzione, chiamare il numero 01992 556600
如需要翻译请致电 01992 556600
Tercüme için telefon numarası 01992 556600
অনুবাদের জন্য এই নম্বরে ফোন করুন 01992 556600
ਅਨੁਵਾਦ ਲਈ ਟੈਲੀਫ਼ੋਨ ਨੰਬਰ ਹੈ 01992 556600
01992 556600 ترجمے کے لیے فون کریں
Aby uzyskać pomoc w tłumaczeniu zadzwoń pod numer telefonu 01992 556600